# ਬੱਚਿਆਂ ਦੇ ਅਧਿਆਪਕਾਂ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਸਮਝਾਉਣਾ।

## ਸ਼ੁਰੂ

''ਪਿਆਰੇ ਪਰਮੇਸ਼ਰ ਮੇਰੀ ਮਦਦ ਕਰੋ ਜਿੰਨਾਂ ਬੱਚਿਆਂ ਨੂੰ ਤੁਸੀਂ ਪਿਆਰ ਕਰਦੇ ਹੋ। ਉਨ੍ਹਾਂ ਨੂੰ ਮਿਲੋ।''

1. **ਪ੍ਰਯੋਗ ਕਰੋ:- ਪੋਲੂਸ ਤਿਮੋਥਿਉਸ ਦੀ ਬੱਚਿਆਂ ਦੀ ਸਿਖਿਆ।**



- ਪੋਲੂਸ ਤਿਮੋਥਿਉਸ ਦੀ ਸਿਖਿਆ ਕੁੱਝ ਹਿਸਿਆਂ ਵਿੱਚ ਆਉਂਦੀ ਹੈ। ਜਿਹੜੀ ਚਰਵਾਹੇ ਦੀ ਸਿਖਿਆ ਅਤੇ ਬੱਚਿਆਂ ਦੀ ਸਿਖਿਆ ਦੇ ਬਾਰੇ ਵਿੱਚ ਵੰਡੀ ਹੁੰਦੀ ਹੈ।
- ਬੱਚਿਆਂ ਦੀ ਸਿਖਿਆ ਦੇ ਵਿੱਚ ''ਬੱਚਾ'' ਸ਼ਬਦ ਸਭ ਤੋਂ ਉੱਤੇ ਹੁੰਦਾ ਹੈ।
- ਬੱਚੇ ਉਹੀ ਵਿਸ਼ਾ ਪੜਦੇ ਹਨ, ਜਿਹੜਾ ਵੱਡੇ ਪੜ੍ਹਦੇ ਹਨ। ਪੀ.ਟੀ. ਸਿੱਖਿਆ ਬੱਚਿਆਂ ਨੂੰ ਸਮੇਂ ਤੋਂ ਪਹਿਲਾਂ ਬਾਈਬਲ ਵਿੱਚੋ ਇਕ ਕਹਾਣੀ ਤਿਆਰ ਕਰਨ ਲਈ ਮਦਦ ਕਰਦੀ ਹੈ, ਜਿਸਨੂੰ ਵੱਡੇ ਸਿਖਣਗੇ। ਬੱਚੇ ਵੱਡਿਆਂ ਦੇ ਲਈ ਬਾਈਬਲ ਦੀ ਕਹਾਣੀ ਦਾ ਇੱਕ ਨਾਟਕ ਅਰਾਧਨਾ ਦੇ ਸਮੇਂ ਕਰ ਸਕਦੇ ਹਨ।

2. **ਇਹੋ ਜਿਹੀ ਸਿਖਿਆ ਦੇ ਅਨੁਸਾਰ ਕੰਮ ਚੁਣੋ, ਜਿਹੜੀ ਤੁਹਾਡੇ ਬੱਚਿਆਂ ਦੀਆਂ ਜਰੂਰਤਾਂ ਨੂੰ ਪੂਰਾ ਕਰੇ।,**

- ਬੱਚਿਆਂ ਦੀ ਸਿਖਿਆ ਵਿੱਚ ਕਈ ਕੰਮ ਹਨ। ਇਨ੍ਹਾਂ ਵਿੱਚੋ ਤੁਸੀਂ ਉਹ ਸਿਖਿਆ ਚੁਣੋ ਜਿਹੜੀ ਤੁਹਾਡੀਆਂ ਵਰਤਮਾਨ ਜਰੂਰਤਾਂ ਨੂੰ ਪੂਰਾ ਕਰੇ। ਜਿਸਦੇ ਲਈ ਤੁਹਾਡੇ ਕੋਲ ਸਮਾਂ ਹੋਵੇ। ਜਿਸ ਵਿੱਚ ਆਰਾਮ ਦੀ ਲੋੜ ਨਾ ਹੋਵ।

3. **ਬੱਚਿਆਂ ਨੂੰ ਮੁਲਾਕਾਤ ਦੇ ਸਮੇਂ ਤਿਆਰ ਕਰ ਦਿਉ, ਤਾਂ ਜੋ ਵੱਡਿਆਂ ਨੂੰ ਅਰਾਧਨਾ ਵਿੱਚ ਕੁੱਝ ਕਰ ਕੇ ਵਿਖਾ ਸੱਕਣ।**

- ਛੋਟੇ ਬੱਚਿਆਂ ਦੇ ਲਈ ਉਨ੍ਹਾਂ ਵਿੱਚੋ ਕਈਆਂ ਨੂੰ ਚੁਣੋ, ਜਿਹੜੇ ਸਾਰੇ ਮਿਲਕੇ ਬੋਲ ਸਕਣ ਅਤੇ ਗਾ ਸਕਣ।
- ਇਸ ਤਰ੍ਹਾਂ ਅਸੀਂ ਛੋਟੀਆਂ-ਛੋਟੀਆਂ ਆਇਤਾਂ ਵਿੱਚ, ਛੋਟੇ-ਛੋਟੇ ਨਾਟਕਾਂ ਵਿੱਚ, ਕਵਿਤਾਵਾਂ, ਅਤੇ ਛੋਟੇ-ਛੋਟੇ ਪਾਠ ਪੜ੍ਹਣ ਵਿੱਚ ਪ੍ਰਯੋਗ ਕਰ ਸਕਦੇ ਹਾਂ।
- ਛੋਟੇ ਬੱਚੇ ਚੁੱਪਚਾਪ, ਸ਼ਾਂਤ ਅਤੇ ਸ਼ਰਮੀਲੇ ਹੁੰਦੇ ਹਨ। ਸਾਰਿਆਂ ਦੇ ਨਾਲ ਕੰਮ ਕਰਨ ਵਿੱਚ ਹਿੱਸਾ ਲੈਣ ਲਈ ਉਹਨਾਂ ਨੂੰ ਪਰੇਸ਼ਾਨੀ ਹੁੰਦੀ ਹੈ।

4. **ਛੋਟੇ ਬੱਚੇ ਨੂੰ ਸਾਧਾਰਣ ਗਾਣੇ ਗਾਉਣ, ਜਿੰਨਾ ਦੀ ਉਹ ਧੁੰਨ ਅਤੇ ਗਾਉਣਾ ਜਾਣਦੇ ਹੋਣ।**

- ਸਾਧਾਰਨ ਗਾਣੇ ਪਾਠ ਦੇ ਨਾਲ ਜੋੜ ਦਿਉ, ਇਹੋ ਜਿਹੀ ਧੁਨ ਤੇ ਜਿਹੜੀ ਬੱਚੇ ਜਾਣਦੇ ਹੋਣ।
- ਵੱਡੇ ਬੱਚਿਆਂ ਨੂੰ ਇੱਕ ਸਾਧਾਰਣ ਕਵਿਤਾ ਬਣਾਉਣ ਦਿਉ, ਜਿਹੜੀ ਪਾਠ ਨਾਲ ਸੰਬੰਧ ਰੱਖਦੀ ਹੋਵੇ। ਅਤੇ ਜਿਹੜੀ ਕਿਸੇ ਚੰਗੀ ਧੁਨ ਦੇ ਨਾਲ ਮਿਲਦੀ ਹੋਵੇ।

5. **ਬੱਚਿਆਂ ਨੂੰ ਛੋਟੇ-ਛੋਟੇ ਇਸ਼ਾਰੇ ਸਿਖਾਉ - ਜਦੋਂ ਉਹ ਕਹਾਣੀ ਸੁਣਾਉਂਦੇ ਜਾਂ ਗਾਣਾ ਗਾਉਂਦੇ ਸਮੇ**

ਆਪਣੇ ਹੱਥਾਂ, ਉਂਗਲੀਆਂ, ਲੱਤਾ ਜਾਂ ਪੈਰਾਂ ਨੂੰ ਹਿਲਾਉਣਾ ਪਸੰਦ ਕਰਦੇ ਹਨ। ਉਦਾਹਰਣ ਦੇ ਤੌਰ ਤੇ ਉਨ੍ਹਾਂ ਨੂੰ ਦਾਊਦ ਦੀ ਕਹਾਣੀ ਦੱਸਣ ਵਿੱਚ ਮਦਦ ਕਰੋ। ਜਿਸਨੇ ਗੋਲੀਅਥ ਨੂੰ ਮਾਰਿਆ ਸੀ।

- ਜਦ ਗੋਲੀਅਥ ਨੇ ਇਸਰਾਇਲ ਦੀ ਸੈਨਾ ਨੂੰ ਲਲਕਾਰਿਆ ਸੀ, ਉਸ ਸਮੇਂ ਬੱਚੇ ਮੁੱਕਿਆਂ ਨੂੰ ਹਵਾ ਵਿੱਚ ਦਿਖਾਉਣ।
- ਜਦ ਦਾਊਦ ਨੇ ਪੱਥਰਾਂ ਨੂੰ ਘੁੰਮਾਇਆ ਸੀ, ਉਸ ਵੇਲੇ ਬੱਚਿਆਂ ਨੂੰ ਹੱਥ ਘੁੰਮਾਉਣ ਦਿਉ ਜਿਵੇਂ ਗੁਲੇਲ ਘੁਮਾ ਰਹੇ ਹੋਣ।
- ਜਦ ਗੋਲੀਅਥ ਡਿੱਗਿਆ, ਉਸ ਸਮੇਂ ਬੱਚਿਆਂ ਨੂੰ, ਉਸੇ ਤਰ੍ਹਾਂ ਕਰਨ ਅਤੇ ਡਿੱਗਣ ਲਈ ਕਹੋ। ਛੋਟੇ ਬੱਚੇ ਬਾਰ-ਬਾਰ ਕੋਈ ਇਸ਼ਾਰਾ ਦੁਹਰਾਉਣ ਅਤੇ ਅਵਾਜਾਂ ਪਸੰਦ ਕਰਦੇ ਹਨ।
- ਜੇਕਰ ਤੁਸੀਂ ਜਾਂ ਫਿਰ ਉਹ ਭਲੇ ਸਾਮਰੀ ਦੀ ਕਹਾਣੀ ਸੁਣਾ ਰਹੇ ਹੋਣ। ਬੱਚਿਆਂ ਨੂੰ ਬਾਰ-ਬਾਰ ਗਧੇ ਦੀ ਆਵਾਜ਼ ਕੱਢਣ ਦਿਉ ਉਸਦੇ ਅਸਤਬਲ ਵਿੱਚ ਜਾਣ ਦੀ ਆਵਾਜ਼ ਆਉਣ ਦਿਉ।
- ਜਦੋਂ ਆਦਮ ਅਤੇ ਹਵਾ ਬਾਰੇ ਦੱਸ ਰਹੇ ਹੋਣ, ਉਸ ਵੇਲੇ ਬੱਚਿਆਂ ਨੂੰ ਸੱਪ ਦੀ ਫੂੰਕਾਰ ਦੀ ਆਵਾਜ਼ ਜੋਰ ਨਾਲ ਕੱਢਣ ਦਿਉ।

**6. ਵੱਡਿਆਂ ਨੂੰ ਕਿ ਬੱਚਿਆਂ ਨੂੰ ਅਨੁਸ਼ਾਸਨ ਵਿੱਚ ਰੱਖਣ ਲਈ ਮਦਦ ਕਰਨ।**

- ਵੱਡੇ ਬੱਚਿਆਂ ਨੂੰ ਸਮਝਾਉਣ ਕਿ ਉਹਨਾਂ ਨੂੰ ਕੀ ਕਰਨਾ ਚਾਹੀਦਾ ਹੈ?
- ਇਸਨੂੰ ਆਸਾਨ ਰੱਖੋ, ਉਨ੍ਹਾਂ ਨੂੰ ਕਹੋ, ਇੱਕ ਵਾਰ ਵਿੱਚ ਇੱਕ ਹੀ ਕੰਮ ਕਰਨ।

**7. ਬੱਚਿਆਂ ਨੂੰ ਵੱਡਿਆਂ ਨਾਲ ਮਿਲਕੇ ਪ੍ਰਾਰਥਨਾ ਕਰਨ ਦਿਉ**

- ਜਦੋਂ ਬੱਚੇ ਤੁਹਾਡੇ ਨਾਲ ਅਰਾਧਨਾ ਕਰ ਰਹੇ ਹੋਣ, ਜਿੰਨਾ ਵੀ ਹੋ ਸਕੇ ਉਹਨਾਂ ਨੂੰ ਪਰਿਵਾਰ ਦਾ ਅਹਿਸਾਸ ਹੋਣ ਦਿਉ।
- ਬੱਚਿਆਂ ਦੀ ਸਿੱਖਿਆ ਵਿੱਚ ਇਹੋ ਜਿਹੀਆਂ ਚੀਜਾਂ, ਜਿੰਨ੍ਹਾਂ ਨੂੰ ਉਹ ਵੱਡਿਆਂ ਦੇ ਨਾਲ ਮਿਲਕੇ ਵਿਖਾਉਣ ਦੇ ਲਈ ਤਿਆਰ ਕਰ ਸਕਣ।
- ਬੱਚਿਆਂ ਨੂੰ ਚੰਗੀ ਤਰਾਂ ਤਿਆਰ ਕਰਵਾਉ ਅਤੇ ਉਹਨਾਂ ਦੀ ਅਰਾਧਨਾ ਵਿੱਚ ਪਹਿਲਾਂ ਉਨ੍ਹਾਂ ਨੂੰ ਸਾਮਹਣੇ ਲਿਆਉ।

**8. ਛੋਟੇ ਸਮੂਹਾਂ ਵਿੱਚ ਬੱਚਿਆਂ ਦੀਆਂ ਗੱਲਾਂ ਸੁਣੋ ਅਤੇ ਉਨ੍ਹਾਂ ਨੂੰ ਪ੍ਰਭੂ ਯਿਸੂ ਮਸੀਹ ਵਿੱਚ ਅੱਗੇ ਵੱਧਣ ਲਈ ਮੱਦਦ ਕਰੋ।**

- ਪੀ.ਟੀ.ਐਲ.ਟੀ. ਸਿੱਖਿਆ ਆਮ ਸਭਾਵਾਂ ਦੇ ਵਿੱਚ ਤਿੰਨ ਤੋਂ ਪੰਜ ਦੇ ਛੋਟੇ ਸਮੂਹਾਂ ਨੂੰ ਬਣਾਉਣ ਵਿੱਚ ਮਦਦ ਕਰਦੀ ਹੈ। ਤਾਂ ਜੋ ਲੋਕ ਆਪਸ ਵਿੱਚ ਗੱਲ ਅਤੇ ਪ੍ਰਾਰਥਨਾ ਕਰ ਸਕਣ। ਇੰਨ੍ਹਾਂ ਕੁੱਝ ਸਮੂਹਾਂ ਵਿੱਚ ਬੱਚੇ ਵੀ ਸ਼ਾਮਲ ਹੋਣਗੇ।
- ਕੁੱਝ ਵੱਡਿਆਂ ਨੂੰ ਵੀ ਤਿਆਰ ਕਰੋ ਕਿ ਉਹ ਇਨ੍ਹਾਂ ਸਮੂਹਾਂ ਵਿੱਚ ਬੱਚਿਆਂ ਦੇ ਨਾਲ ਗੱਲਬਾਤ ਕਰਨ ਅਤੇ ਪ੍ਰਾਰਥਨਾ ਕਰਨ।
- ਇਹ ਤੁਸੀਂ ਵਚਨ ਦੀ ਸਿੱਖਿਆ ਦੇ ਬਾਅਦ ਕਰੋ ਤਾਂ ਜੋ ਤੁਸੀਂ ਪ੍ਰਸ਼ਨ ਪੁੱਛ ਸਕੋ ਜਾਂ ਇਸ ਉੱਤੇ ਵਿਚਾਰ ਕਰ ਸਕੋ।
- ਜਦੋਂ ਅਸੀ ਇੱਕਠੇ ਹੁੰਦੇ ਹਾਂ ਤਾਂ ਨਵਾਂ ਨੇਮ ਸਾਨੂੰ ਇੱਕ ਦੂਸਰੇ ਨੂੰ ਸਿਖਾਉਣ ਅਤੇ ਸੇਵਾ ਕਰਨ ਦੇ ਲਈ ਬਹੁਤ ਤਰ੍ਹਾਂ ਨਾਲ ਸਿਖਾਉਂਦਾ ਹੈ। ਇਹ ਬੱਚਿਆਂ ਨੂੰ ਵੀ ਸ਼ਾਮਿਲ ਕਰਦਾ ਹੈ। ਜਦੋਂ ਅਸੀਂ ਇਸ ਤਰ੍ਹਾਂ ਕਰਦੇ ਹਾਂ ਤਾਂ ਪਵਿੱਤਰ ਆਤਮਾ ਬਹੁਤ ਜਿਆਦਾ ਕੰਮ ਕਰਦਾ ਹੈ।

**9. ਪਤਾ ਲਗਾਉ ਤੁਸੀਂ ਕਿਵੇਂ ਛੋਟੇ ਸਮੂਹਾਂ ਵਿੱਚ ਬੱਚਿਆਂ ਨਾਲ ਗੱਲਬਾਤ ਕਰਦੇ ਸਮੇਂ ਉਨ੍ਹਾਂ ਦੀ ਮਦਦ ਕਰ ਸਕਦੇ ਹੋ?**

- ਜਿਵੇਂ ਤੁਸੀਂ ਕੁੱਝ ਚੀਜਾਂ ਪੁੱਛ ਸਕਦੇ ਹੋ ''ਤੁਹਾਨੂੰ ਕਹਾਣੀ ਵਿੱਚ ਸਭ ਤੋਂ ਚੰਗਾ ਕੌਣ ਲੱਗਾ? ਅਤੇ ਕਿਉਂ?
  ''ਕੀ ਤੁਸੀਂ ਉਸ ਆਦਮੀ ਦੀ ਤਰ੍ਹਾਂ ਬਣਨਾ ਚਾਹੁੰਦੇ ਹੋ?''
- ''ਤੁਹਾਨੂੰ ਇਸ ਤਰ੍ਹਾਂ ਕਰਨ ਲਈ ਕੀ ਕਰਨਾ ਪਏਗਾ?''
- ''ਕੀ ਤੁਹਾਡੇ ਘੱਰ ਵਿੱਚ, ਸਕੂਲ ਵਿੱਚ ਜਾਂ ਫਿਰ ਗੁਆਂਢ ਵਿੱਚ ਕੋਈ ਪਰੇਸ਼ਾਨੀ ਹੈ ਜਿਸਦੇ ਲਈ ਅਸੀਂ ਪ੍ਰਾਰਥਨਾ ਕਰ ਸਕੀਏ''?
- ''ਆਉਣ ਵਾਲੇ ਹਫਤੇ ਵਿੱਚ ਤੁਸੀਂ ਕਿਸ ਦੀ ਮਦਦ ਕਰ ਸਕਦੇ ਹੋ ਜਾਂ ਦਇਆ ਦਿਖਾ ਸਕਦੇ ਹੋ।''
- ''ਕੀ ਤੁਸੀਂ ਇਹੋ ਜਿਹਾ ਕੁੱਝ ਕਰ ਸਕਦੇ ਹੋਂ, ਜਿਸ ਨਾਲ ਤੁਸੀਂ ਆਪਣੇ ਮਾਤਾ-ਪਿਤਾ ਨੂੰ ਖੁਸ਼ ਕਰ ਸਕੋ।''
- ''ਤੁਸੀਂ ਇਹੋ ਜਿਹਾ ਕੀ ਕਰੋਗੇ ਜਿਸਨ ਨਾਲ ਆਉਣ ਵਾਲੇ ਹਫਤੇ ਵਿੱਚ ਜਿਸ ਨਾਲ ਤੁਸੀਂ ਆਪਣੇ ਭੈਣ ਭਰਾਵਾਂ ਨੂੰ ਖੁਸ਼ ਕਰ ਸਕੋ।''

**10. ਬੱਚਿਆਂ ਨੂੰ ਬਾਈਬਲ ਦੀਆਂ ਕਹਾਣੀਆਂ ਦਾ ਨਾਟਕ ਕਰਨ ਦਿਉ।**

- ਬੱਚਿਆਂ ਦੀ ਸਿਖਿਆ ਵਿੱਚ ਛੋਟੇ-ਛੋਟੇ ਸੰਖੇਪ ਨਾਟਕ ਵੀ ਹੁੰਦੇ ਹਨ। ਉਹ ਪਹਿਲਾਂ ਬੱਚਿਆਂ ਦੀ ਮੀਟਿੰਗ ਵਿੱਚੋ ਅਭਿਆਸ ਕਰ ਸਕਦੇ ਹਨ ਅਤੇ ਬਾਅਦ ਵਿੱਚ ਵੱਡਿਆਂ ਦੀ ਮਦਦ ਨਾਲ ਮੁੱਖ ਅਰਾਧਨਾ ਵਿੱਚ ਕਰ ਸਕਦੇ ਹਨ।
- ਬੱਚੇ ਬਾਈਬਲ ਦੀਆਂ ਕਹਾਣੀਆਂ ਵਿੱਚ ਨਾਟਕ ਕਰਨਾ ਪਸੰਦ ਕਰਦੇ ਹਨ। ਉਨ੍ਹਾਂ ਨੂੰ ਇਸ ਤਰ੍ਹਾਂ ਆਤਿਮਕ ਸਚਾਈ ਬਾਰੇ ਜਿਆਦਾ ਪਤਾ ਲਗਦਾ ਹੈ। ਉਹ ਬੱਚਿਆਂ ਦੀ ਪੜਾਈ ਦੇ ਸਮੇਂ ਅਭਿਆਸ ਨਹੀਂ ਕਰਦੇ। ਕਿਉਂਕਿ ਇਹ ਅਭਿਆਸ ਕਰਨਾ ਪੜ੍ਹਾਈ ਦਾ ਕੰਮ ਹੈ। ਇਹ ਨਾਟਕ ਤਦ ਚੰਗੇ ਬਣ ਸਕਦੇ ਹਨ, ਜਦ ਉਸਨੂੰ ਛੋਟਾ, ਸਾਧਾਰਣ ਅਤੇ ਆਸਾਨ ਬਨਾਇਆ ਜਾ ਸਕੇ। ਬੱਚਿਆਂ ਨੂੰ ਸ਼ਬਦ ਸਿਖਾਏ ਬਿਨਾ ਯਾਦ ਨਾ ਕਰਵਾਏ ਜਾਣ।

- ਉਦਾਹਰਣ ਦੇ ਤੌਰ ਤੇ ਜਦੋਂ ਤੁਸੀਂ ਬੱਚਿਆਂ ਦੀ ਮੀਟਿੰਗ ਲੈ ਰਹੇ ਹੋਵੋਂ। ਜੇਕਰ ਤੁਸੀਂ ਯਹੋਸ਼ੂਆ ਦੇ ਬਾਰੇ ਪੜ੍ਹਾ ਰਹੇ ਹੋ, ਜਿਹੜਾ ਕਨਾਨ ਦੇ ਲੋਕਾਂ ਨਾਲ ਲੜਿਆ ਸੀ। ਅਧਿਆਪਕ ਕੁੱਝ ਬੱਚਿਆਂ ਨੂੰ ਕਹਿ ਸਕਦੇ ਹਨ ਕਿ ਤੁਸੀਂ ਯਹੋਸ਼ੂਆ ਦੇ ਸਿਪਾਹੀ ਬਣੋ, ਦੂਸਰਿਆਂ ਨੂੰ ਕਨਾਨੀ ਸਿਪਾਹੀ ਬਣਨ ਲਈ ਕਹਿ ਸਕਦੇ ਹੋ।
- ਜੇ ਬੱਚੇ ਪੂਰੇ ਨਾ ਹੋਣ ਤਾਂ ਕਹਾਣੀ ਨੂੰ ਪੂਰਾ ਕਰਨ ਦੇ ਲਈ ਕੁੱਝ ਗੁਆਂਢੀਆਂ ਦੇ ਬੱਚਿਆਂ ਦੀ ਮਦਦ ਮੰਗੋ ਜਾਂ ਫਿਰ ਕਹਾਣੀਕਾਰ ਨੂੰ ਰੱਖ ਲਉ, ਤਾਂ ਜੋ ਉਹ ਦੱਸ ਸਕਣ ਕਿ ਕਹਾਣੀ ਪੜ੍ਹਕੇ ਸਕੇ ਕੌਣ ਕੀ ਕਰ ਸਕਦਾ ਹੈ।
- ਅਧਿਆਪਕ ਉਨ੍ਹਾਂ ਦੇ ਸ਼ਬਦਾਂ ਨੂੰ ਦੱਸ ਸਕਦਾ ਹੈ ਅਤੇ ਉਹਨਾਂ ਨੂੰ ਦੁਹਰਾਉਣ ਲਈ ਕਹਿ ਸਕਦਾ ਹੈ ਪਰ ਬੱਚਿਆਂ ਨੂੰ ਕੰਮ ਕਰਨ ਦਾ ਮੌਕਾ ਦਿਉ।

  ਉਹ ਇੱਕ ਸਮੇਂ ਦੇ ਲਈ ਇੱਧਰ-ਉੱਧਰ ਆਵਾਜ਼ ਦੇ ਨਾਲ ਹਿੱਸਾ ਲੈ ਸਕਦੇ ਹਨ। ਕੁੱਝ ਚੀਜਾਂ ਤਲਵਾਰਾਂ, ਢਾਲ ਦੀ ਤਰ੍ਹਾਂ ਪ੍ਰਯੋਗ ਕਰਨ ਦੇ ਲਈ ਅਤੇ ਕਹਾਣੀ ਦਾ ਨਾਟਕ ਕਰਨ ਦੇ ਲਈ। ਇਸ ਤਰ੍ਹਾਂ ਕਰਨ ਦੇ ਬਾਅਦ ਉਨ੍ਹਾਂ ਨੂੰ ਸ਼ਾਂਤ ਕਰਨਾ ਥੋੜਾ ਮੁਸ਼ਕਿਲ ਹੋਵੇਗਾ। ਪਰ ਉਨ੍ਹਾਂ ਨੂੰ ਇਸ ਤਰ੍ਹਾਂ ਸਿੱਖਣਾ ਜਿਆਦਾ ਚੰਗਾ ਲੱਗੇਗਾ।
- ਹਰ ਹਫਤੇ ਕਲੀਸਿਆ ਦੇ ਮੁੱਖ ਆਗੂਆਂ ਦੇ ਨਾਲ ਅਰਾਧਨਾ ਰੱਖੋ ਤਾਂ ਜੋ ਬੱਚੇ ਆਪਣਾ ਨਾਟਕ ਵਿਖਾ ਸਕਣ।
- ਜੇਕਰ ਤੁਹਾਡੇ ਕੋਲ ਨਾਟਕ ਦੇ ਲਈ ਪੂਰੇ ਬੱਚੇ ਨਹੀਂ ਹਨ, ਤਾਂ ਗੁਆਢੀਆਂ ਦੇ ਬੱਚਿਆਂ ਤੋਂ ਮੱਦਦ ਮੰਗੋ। ਇਹ ਉਨ੍ਹਾਂ ਨੂੰ ਯਿਸੂ ਨੂੰ ਲੱਭਣ ਵਿੱਚ ਉਨ੍ਹਾਂ ਦੀ ਮਦਦ ਕਰੇਗਾ।
- ਵੱਡੇ ਬੱਚੇ ਜਿਆਦਾ ਚੰਗਾ ਕਰਦੇ ਹਨ। ਜੇਕਰ ਉਹ ਬੋਲਣ ਵਾਲੇ ਹਰ ਸ਼ਬਦ ਨੂੰ ਨਾ ਰਟਣ, ਤਾਂ ਆਪਣੀ ਵਲੋਂ ਵੀ ਕਹਿ ਸਕਦੇ ਹਨ, ਪਹਿਲੀ ਵਾਰ ਇਹ ਮੁਸ਼ਕਲ ਹੋਵੇਗਾ ਲੇਕਿਨ ਸਮਾਂ ਆਉਣ ਤੇ ਬੱਚੇ ਆਪਣੀ ਕਲਪਨਾ ਦਾ ਪ੍ਰਯੋਗ ਕਰ ਸਕਦੇ ਹਨ, ਅਤੇ ਨਾਟਕ ਜਿਆਦਾ ਚੰਗਾ ਹੋਵੇਗਾ।ਕੁੱਝ ਬੱਚੇ ਰੱਟਾ ਮਾਰਨਾ ਜਿਆਦਾ ਪਸੰਦ ਕਰਦੇ ਹਨ ਉਹਨਾਂ ਨੂੰ ਕਿਵੇਂ ਵੀ ਕਰਨ ਦਿਉ।

### 11. ਕੁੱਝ ਚੀਜਾਂ ਜਾਂ ਤਸਵੀਰਾਂ ਬਣਾਉ ਜਿਹੜੀਆਂ ਦੱਸ ਸਕਣ ਕਿ ਤੁਸੀਂ ਕੀ ਸਿਖਾਉਣਾ ਚਾਹੁੰਦੇ ਹੋ?

- ਚੀਜਾਂ ਉਦਾਹਰਣ ਦੇ ਲਈ, ਜਦੋਂ ਤੁਸੀਂ ਦੱਸ ਰਹੇ ਹੋ ਕਿ ਯਿਸੂ ਦੁਨੀਆ (ਸੰਸਾਰ) ਦੀ ਜੋਤੀ ਹੈ ਤਾਂ ਬੱਚੇ ਬਲਦੀ ਹੋਈ ਮੋਮਬੱਤੀ ਨੂੰ ਉੱਚਾ ਕਰਕੇ ਬਾਈਬਲ ਦੀ ਕੋਈ ਆਇਤ ਜਾਂ ਕਵਿਤਾ ਕਹਿ ਸਕਦੇ ਹਨ।
- ਉਦਾਹਰਣ ਦੇ ਲਈ ਬੱਚੇ ਕੁੱਝ ਨਿਸ਼ਾਨ ਫੜ ਸਕਦੇ ਹਨ। ਜਦ ਉਹ ਗੱਲਾਂ ਕਰ ਰਹੇ ਹੋਣ ਕਿ ਯਿਸੂ ਮਸੀਹ ਨੇ ਅੰਨਿਆਂ ਨੂੰ ਚੰਗਾ ਕੀਤਾ ਤਾਂ ਉਹ ਆਪਣੇ ਹੱਥਾਂ ਵਿੱਚ ਨਿਸ਼ਾਨ ਰੱਖਣ ਕਿ ਪਰਮੇਸ਼ਰ ਪ੍ਰੇਮ ਹੈ ਜੇਕਰ ਤੁਸੀਂ ਚਾਹੋ ਕਿ ਤਿੰਨ ਬੱਚੇ ਹੱਥਾਂ ਵਿੱਚ ਨਿਸ਼ਾਨ ਲੈਣ ਜਾਂ ਬੈਨਰ ਫੜਨ, ਦੂਸਰੇ ਦੇ ਹੱਥ ਵਿੱਚ ਪ੍ਰੇਮ ਲਿਖਿਆ ਹੋਵੇ ਤੇ ਤੀਸਰੇ ਦੇ ਹੱਥ ਵਿੱਚ ''ਹੈ'' ਦਾ ਬੈਨਰ ਹੋਵੇ।
- ਨੱਚਣਾ - ਉਦਾਹਰਣ ਦੇ ਲਈ ਇਹ ਦਸਦੇ ਹੋਏ ਕਿ ਕਿਵੇਂ ਇਸਰਾਏਲੀ ਲਾਲ ਸਮੁੰਦਰ ਦੀ ਸੂਚੀ ਧਰਤੀ ਵਿੱਚੋਂ ਪਾਰ ਹੋਏ ਸਨ। ਬੱਚੇ ਨੱਚਦੇ ਹੋਏ, ਖੁਸ਼ੀਆਂ ਮਨਾਉਂਦੇ ਹੋਏ ਕੋਈ ਪੜ੍ਹੋ ਕੂਚ 15 ਜਿੱਥੇ ਮੂਸਾ ਅਤੇ ਲੋਕਾਂ ਨੇ ਬਾਅਦ ਵਿੱਚ ਗੀਤ ਗਾਇਆ ਸੀ ਉਹ ਸੱਪ ਨੂੰ ਵੀ ਬਣਾ ਸਕਦੇ ਹਨ। ਇਹ ਵਿਖਾਉਣ ਲਈ ਕਿਵੇਂ ਸ਼ੈਤਾਨ ਨੇ ਹਵਾ ਨੂੰ ਭਰਮਾਇਆ ਸੀ। ਸਭ ਤੋਂ ਲੰਮਾ ਬੱਚਾ ਅੱਗੇ ਖੜਾ ਹੋਵੇ। ਇਸ ਤਰ੍ਹਾ ਸਾਰੇ ਇੱਕ ਲਾਈਨ ਵਿੱਚ ਇੱਕ ਦੂਸਰੇ ਨੂੰ ਫੜ ਕੇ ਖੜੇ ਹੋਣ। ਕਮਰੇ ਵਿੱਚ ਵਲ਼ ਖਾਂਦੇ ਹੋਏ ਸੱਪ ਦੀ ਤਰ੍ਹਾਂ ਫੁੰਕਾਰਦੇ ਹੋਏ ਚੱਲਣ।

ਆਮ ਚੀਜਾਂ ਦਾ ਪ੍ਰਯੋਗ ਕਰੋ, ਜਿਹੜੀਆਂ ਉਪਲਬਧ ਹਨ। ਆਪਣੀ ਕਲਪਨਾ ਦਾ ਪ੍ਰਯੋਗ ਕਰੋ। ਸੌਖੀਆਂ ਚੀਜਾਂ ਬਾਈਬਲ ਦੇ ਸੱਚ ਨੂੰ ਸਹੀ ਤੌਰ ਤੇ ਦਰਸਾਉਂਦੀਆਂ ਹਨ। ਜਿਹੜੀਆਂ ਚੀਜਾਂ ਬੱਚੇ ਹਰ ਦਿਨ ਵੇਖਦੇ ਹਨ। ਉਨ੍ਹਾਂ ਦਾ ਪ੍ਰਯੋਗ ਕਰੋ ਇਹ ਉਹਨਾਂ ਨੂੰ ਪਰਮੇਸ਼ਰ ਨੂੰ ਯਾਦ ਕਰਨ ਵਿੱਚ ਮਦਦ ਦਏਗਾ। ਜਦੋਂ ਉਹ ਚੀਜਾਂ ਵੇਖਣਗੇ। ਉਨ੍ਹਾਂ ਨੂੰ ਵੱਖ-ਵੱਖ ਚੀਜਾਂ ਨੂੰ ਫੜ ਕੇ ਗੱਲ ਕਰਨ ਦਿਉ ਉਦਾਹਰਣ ਦੇ ਲਈ ਘਾਹ - ਯਿਸੂ ਦਾ ਬੀਜ ਬੀਜਣ ਵਾਲੇ ਕਿਸਾਨ ਦਾ ਦ੍ਰਿਸ਼ਟਾਂਤ ਇੱਕ ਪੱਥਰ ਜਿਸ ਉੱਤੇ ਚੇਹਰਾ ਬਣਿਆ ਹੋਵੇ।- ਗੁੱਸੇ ਵਾਲੇ ਚੇਹਰੇ ਬੁਰੇ ਲੋਕਾਂ ਦੇ ਲਈ ਅਤੇ ਹੱਸਦੇ ਹੋਏ ਚੇਹਰੇ ਚੰਗੇ ਲੋਕਾਂ ਦੇ ਲਈ।

ਹਰੇ ਪੱਤੇ - ਚੰਗੇ ਲੋਕ ਨਦੀ ਦੇ ਕਿਨਾਰੇ ਲਗਾਏ ਗਏ ਰੁੱਖ ਵਾਂਗ ਹਨ। (ਭਜਨਾਂਵਲੀ 1)

ਮੁਰਝਾਈਆਂ ਹੋਈਆਂ ਪੱਤੀਆਂ - ਯਿਸੂ ਨੇ ਅੰਜੀਰ ਦੇ ਬਿਨਾਂ ਫਲ ਦੇ ਰੁੱਖ ਨੂੰ ਸਰਾਪ ਦਿੱਤਾ(ਮਰਕੁਸ 11:12-24)

ਝਾੜੂ - ਪਵਿੱਤਰ ਆਤਮਾ ਸਾਡੇ ਪਾਪਾਂ ਨੂੰ ਸਾਡੇ ਜੀਵਨ ਤੋਂ ਹਟਾਉਂਦਾ ਹੈ।

ਸਾਬਣ ਦੀ ਟਿੱਕੀ - ਯਿਸੂ ਮਸੀਹ ਦਾ ਲਹੂ ਹੀ ਇੱਕ ਇਹੋ ਜਿਹਾ ਸਾਬਣ ਹੈ, ਜਿਹੜਾ ਸਾਡੇ ਪਾਪਾਂ ਨੂੰ ਧੋਂਦਾ ਹੈ।

ਪਾਣੀ ਦਾ ਗਿਲਾਸ - ਯਿਸੂ ਮਸੀਹ ਨੇ ਸਾਮਰੀ ਔਰਤ ਨੂੰ ਜੀਵਨ ਦਾ ਜਲ ਦੇਣ ਦਾ ਵਚਨ ਦਿੱਤਾ ਸੀ। ਦੋ ਡੰਡੀਆਂ ਆਪਸ ਵਿੱਚ ਜੁੜੀਆਂ ਹੋਈਆਂ - ਸਲੀਬ

ਮੱਛੀ ਦੇ ਆਕਾਰ ਦਾ ਕੱਟਿਆ ਹੋਇਆ ਕਾਗਜ - ਪਤਰਸ ਮੱਛੀ ਫੜਦਾ ਹੋਇਆ।

ਕਲਮ - ਸਾਡੇ ਨਾਂ ਜੀਵਨ ਦੀ ਪੁਸਤਕ ਵਿੱਚ ਲਿਖੇ ਹੋਏ ਹਨ।

ਫਲਾਂ ਨਾਲ ਭਰਿਆ ਬਰਤਨ - ਆਤਮਾ ਦੇ ਫਲ (ਗਲਾਤੀਆਂ 5:22–23)

ਚੌਲਾਂ ਨਾਲ ਭਰੀਆ ਬਰਤਨ - ਮਸੀਹ ਨਾਲ ਸਾਡਾ ਵਿਆਹ ਭੋਜ (ਪਰਕਾਸ਼ ਦੀ ਪੋਥੀ 19:6–10)

ਇੱਕ ਵੱਡੀ ਲੱਕੜੀ ਇੱਕ ਪਾਸੇ ਤੋਂ ਛਿੱਲੀ ਹੋਈ - ਸਿਪਾਹੀਆਂ ਨੇ ਯਿਸੂ ਨੂੰ ਸਲੀਬ ਤੇ ਖੰਜਰ ਮਾਰਿਆ ਸੀ।

ਹਥੌੜਾ ਜਾਂ ਆਰੀ - ਨੋਹਾ ਅਤੇ ਉਸਦੇ ਨੌਕਰਾਂ ਨੇ ਜਹਾਜ ਨੂੰ ਬਣਾਉਣ ਵਿੱਚ ਕਈ ਸਾਲ ਬਿਤਾਏ।

ਫੁੱਲ - ਪਰਮੇਸ਼ਰ ਦੀ ਖੂਬਸੂਰਤ ਰਚਨਾ (ਉਤਪਤ 1), ਜਾਂ ਪਰਮੇਸ਼ਰ ਸਾਡੀਆਂ ਜਰੂਰਤਾਂ ਨੂੰ ਪੂਰਾ ਕਰਦਾ ਹੈ (ਲੂਕਾ 12:22–32)

ਕੰਡਿਆਂ ਨਾਲ ਭਰੀ ਝਾੜੀ - ਪਰਮੇਸ਼ਰ ਦਾ ਸਰਾਪ ਜਦੋਂ ਮਨੁੱਖ ਨੇ ਪਹਿਲੀ ਵਾਰ ਪਾਪ ਕੀਤਾ ਸੀ। (ਉਤਪਤ 3:17–19)

Copyright © 2004 by Paul-Timothy. May be freely copied. Download from www.Paul-Timothy.net